# ੴ

# ਆਨੰਦ ਸਾਹਿਬ

# Anand Sahib

www.SikhNet.com

## ਰਾਮਕਲੀ ਮਹਲਾ ੩ ਅਨੰਦੁ
## Raamakalee mahalaa 3 ana(n)d(u)

## ੧ੴ ਸਤਿਗੁਰ ਪ੍ਰਸਾਦਿ ॥
## Ik-ongkaar satigur prasaad(i).

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**

Ana(n)d(u) bha-i-aa mayree maa-ay satiguroo mai paa-i-aa.

**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**

Satigur(u) ta paa-i-aa sahaj saytee man(i) vajee-aa vaadhaa-ee-aa.

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥**

Raag ratan paravaar paree-aa sabad gaavaṇ aa-ee-aa.

**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**

Sabado ta gaavah(u) haree kayraa man(i) jinee vasaa-i-aa.

**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥**

Kahai naanak(u) ana(n)d(u) ho-aa satiguroo mai paa-i-aa. ||1||

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**

Ay man mayri-aa too sadaa rah(u) har(i) naalay.

**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥**

Har(i) naal(i) rah(u) too ma(n)n mayray dookh sabh(i) visaaraṇaa.

**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥**

A(n)geekaar(u) oh(u) karay tayraa kaaraj sabh(i) savaaraṇaa.

**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥**

Sabhanaa galaa samarat'h(u) su-aamee so ki-u manah(u) visaaray.

**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥**

Kahai naanak(u) ma(n)n mayray sadaa rah(u) har(i) naalay. ||2||

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**

Saachay saahibaa ki-aa naahee ghar(i) tayrai.

**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥**

Ghar(i) ta tayrai sabh(u) kichh(u) hai jis(u) dayh(i) s(u) paava-ay.

**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥**

Sadaa siphat(i) salaah tayree naam(u) man(i) vasaava-ay.

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**

Naam(u) jin kai man(i) vasi-aa vaajay sabad ghanayray.

**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥**

Kahai naanak(u) sachay saahib ki-aa naahee ghar(i) tayrai. ||3||

**ਸਾਚਾ ਨਾਮੁ ਮੇਰਾ ਆਧਾਰੋ ॥**

Saachaa naam(u) mayraa aadhaaro.

**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**

Saach(u) naam(u) adhaar(u) mayraa jin(i) bhukhaa sabh(i) gavaa-ee-aa.

**ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥**

Kar(i) saa(n)t(i) sukh man(i) aa-i vasi-aa jin(i) ichhaa sabh(i) pujaa-ee-aa.

**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥**

Sadaa kurabaaṇ(u) keetaa guroo viṭah(u) jis dee-aa ayh(i) vaḍi-aa-ee-aa.

**ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥**

Kahai naanak(u) suṇah(u) sa(n)tah(u) sabad(i) dharah(u) pi-aaro.

**ਸਾਚਾ ਨਾਮੁ ਮੇਰਾ ਆਧਾਰੋ ॥੪॥**

Saachaa naam(u) mayraa aadhaaro. ||4||

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

Vaajay pa(n)ch sabad tit(u) ghar(i) sabhaagai.

**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**

Ghar(i) sabhaagai sabad vaajay kalaa jit(u) ghar(i) dhaaree-aa.

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥**

Pa(n)ch doot tudh(u) vas(i) keetay kaal(u) ka(n)ṭak(u) maari-aa.

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥**

Dhur(i) karam(i) paa-i-aa tudh(u) jin ka-u s(i) naam(i) har(i) kai laagay.

**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

Kahai naanak(u) tah sukh(u) ho-aa tit(u) ghar(i) anahad vaajay. ||5||

**ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥**

Saachee livai bin(u) dayh nimaaṇee.

**ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥**

Dayh nimaaṇee livai baajhah(u) ki-aa karay vaychaaree-aa.

**ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥**

Tudh(u) baajh(u) samarat'h ko-i naahee kripaa kar(i) banavaaree-aa.

**ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥**

Ays na-u hor(u) t'haa-u naahee sabad(i) laag(i) savaaree-aa.

**ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥**

Kahai naanak(u) livai baajhah(u) ki-aa karay vaychaaree-aa. ||6||

**ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥**

Aana(n)d(u) aana(n)d(u) sabh(u) ko kahai aana(n)d(u) guroo tay jaaṇi-aa.

**ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥**

Jaaṇi-aa aana(n)d(u) sadaa gur tay kripaa karay pi-aari-aa.

**ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥**

Kar(i) kirapaa kilavikh kaṭay gi-aan a(n)jan(u) saari-aa.

**ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥**

A(n)darah(u) jin kaa moh(u) tuṭaa tin kaa sabad(u) sachai savaari-aa.

**ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥**

Kahai naanak(u) ayh(u) ana(n)d(u) hai aana(n)d(u) gur tay jaaṇi-aa. ||7||

**ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥**

Baabaa jis(u) too dayh(i) so-ee jan(u) paavai.

**ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥**

Paavai ta so jan(u) dayh(i) jis no hor(i) ki-aa karah(i) vaychaari-aa.

**ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ ॥**

Ik(i) bharam(i) bhoolay phirah(i) dah dis(i) ik(i) naam(i) laag(i) savaari-aa.

**ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥**

Gur parasaadee man(u) bha-i-aa niramal(u) jinaa bhaaṇaa bhaava-ay.

**ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥**

Kahai naanak(u) jis(u) dayh(i) pi-aaray so-ee jan(u) paava-ay. ||8||

**ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥**

Aavah(u) sa(n)t pi-aariho akat'h kee karah kahaaṇee.

**ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥**

Karah kahaaṇee akat'h kayree kit(u) du-aarai paa-ee-ai.

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**

Tan(u) man(u) dhan(u) sabh(u) sa-up(i) gur ka-u hukam(i) ma(n)ni-ai paa-ee-ai.

**ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥**

Hukam(u) ma(n)nih(u) guroo kayraa gaavah(u) sachee baaṇee.

**ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥**

Kahai naanak(u) suṇah(u) sa(n)tah(u) kat'hih(u) akat'h kahaaṇee. ||9||

**ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥**

Ay man cha(n)chalaa chaturaa-ee kinai na paa-i-aa.

**ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥**

Chaturaa-ee na paa-i-aa kinai too suṇ(i) ma(n)n mayri-aa.

**ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥**

Ayh maa-i-aa mohaṇee jin(i) ayt(u) bharam(i) bhulaa-i-aa.

**ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥**

Maa-i-aa ta mohaṇee tinai keetee jin(i) ṭ'haga-ulee paa-ee-aa.

**ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥**

Kurabaaṇ(u) keetaa tisai viṭah(u) jin(i) moh(u) meeṭ'haa laa-i-aa.

**ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥**

Kahai naanak(u) man cha(n)chal chaturaa-ee kinai na paa-i-aa. ||10||

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**

Ay man pi-aari-aa too sadaa sach(u) samaalay.

**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**

Ayh(u) kuṭa(n)b(u) too j(i) daykhadaa chalai naahee tayrai naalay.

**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥**

Saat'h(i) tayrai chalai naahee tis(u) naal(i) ki-u chit(u) laa-ee-ai.

**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥**

Aisaa ka(n)m(u) moolay na keechai jit(u) a(n)t(i) pachhotaa-ee-ai.

**ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥**

Satiguroo kaa upadays(u) suṇ(i) too hovai tayrai naalay.

**ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥**

Kahai naanak(u) man pi-aaray too sadaa sach(u) samaalay. ||11||

**ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥**

Agam agocharaa tayraa a(n)t(u) na paa-i-aa.

**ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥**

A(n)to na paa-i-aa kinai tayraa aapaṇaa aap(u) too jaaṇahay.

**ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥**

Jee-a ja(n)t sabh(i) khayl(u) tayraa ki-aa ko aakh(i) vakhaaṇa-ay.

**ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥**

Aakhah(i) ta vaykhah(i) sabh(u) toohai jin(i) jagat(u) upaa-i-aa.

**ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥**

Kahai naanak(u) too sadaa aga(n)m(u) hai tayraa a(n)t(u) na paa-i-aa. ||12||

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥**

Sur(i) nar mun(i) jan a(n)mrit(u) khojaday s(u) a(n)mrit(u) gur tay paa-i-aa.

**ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥**

Paa-i-aa a(n)mrit(u) gur(i) kripaa keenee sachaa man(i) vasaa-i-aa.

**ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥**

Jee-a ja(n)t sabh(i) tudh(u) upaa-ay ik(i) vaykh(i) parasaṇ(i) aa-i-aa.

**ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥**

Lab(u) lobh(u) aha(n)kaar(u) chookaa satiguroo bhalaa bhaa-i-aa.

**ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥**

Kahai naanak(u) jis no aap(i) tuṭ'haa tin(i) a(n)mrit(u) gur tay paa-i-aa. ||13||

**ਭਗਤਾ ਕੀ ਚਾਲ ਨਿਰਾਲੀ ॥**

Bhagataa kee chaal niraalee.

**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥**

Chaalaa niraalee bhagataah kayree bikham maarag(i) chalaṇaa.

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥**

Lab(u) lobh(u) aha(n)kaar(u) taj(i) trisanaa bahut(u) naahee bolaṇaa.

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥**

Kha(n)ni-ah(u) tikhee vaalah(u) nikee ayt(u) maarag(i) jaaṇaa.

**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥**

Gur parasaadee jinee aap(u) taji-aa har(i) vaasanaa samaaṇee.

**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥**

Kahai naanak(u) chaal bhagataa jugah(u) jug(u) niraalee. ||14||

**ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ ॥**

Ji-u too chalaa-ih(i) tiv chalah su-aamee hor(u) ki-aa jaaṇaa guṇ tayray.

**ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥**

Jiv too chalaa-ih(i) tivai chalah jinaa maarag(i) paavahay.

**ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥**

Kar(i) kirapaa jin naam(i) laa-ih(i) s(i) har(i) har(i) sadaa dhi-aavahay.

**ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥**

Jis no kat'haa suṇaa-ih(i) aapaṇee s(i) guradu-aarai sukh(u) paavahay.

**ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥**

Kahai naanak(u) sachay saahib ji-u bhaavai tivai chalaavahay. ||15||

**ਏਹੁ ਸੋਹਿਲਾ ਸਬਦੁ ਸੁਹਾਵਾ ॥**

Ayh(u) sohilaa sabad(u) suhaavaa.

**ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥**

Sabado suhaavaa sadaa sohilaa satiguroo suṇaa-i-aa.

**ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥**

Ayh(u) tin kai ma(n)n(i) vasi-aa jin dhurah(u) likhi-aa aa-i-aa.

**ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥**

Ik(i) phirah(i) ghanayray karah(i) galaa galee kinai na paa-i-aa.

**ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥**

Kahai naanak(u) sabad(u) sohilaa satiguroo suṇaa-i-aa. ||16||

**ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥**

Pavit(u) ho-ay say janaa jinee har(i) dhi-aa-i-aa.

**ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥**

Har(i) dhi-aa-i-aa pavit(u) ho-ay guramukh(i) jinee dhi-aa-i-aa.

**ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥**

Pavit(u) maataa pitaa kuṭa(n)b sahit si-u pavit(u) sa(n)gat(i) sabaa-ee-aa.

**ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥**

Kahaday pavit(u) suṇaday pavit(u) say pavit(u) jinee ma(n)n(i) vasaa-i-aa.

**ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥**

Kahai naanak(u) say pavit(u) jinee guramukh(i) har(i) har(i) dhi-aa-i-aa. ||17||

**ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥**

Karamee sahaj(u) na oopajai viṇ(u) sahajai sahasaa na jaa-i.

**ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥**

Nah jaa-i sahasaa kitai sa(n)jam(i) rahay karam kamaa-ay.

**ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥**

Sahasai jee-u maleeṇ(u) hai kit(u) sa(n)jam(i) dhotaa jaa-ay.

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**

Ma(n)n(u) dhovah(u) sabad(i) laagah(u) har(i) si-u rahah(u) chit(u) laa-i.

**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥**

Kahai naanak(u) gur parasaadee sahaj(u) upajai ih(u) sahasaa iv jaa-i. ||18||

**ਜੀਅਹੁ ਮੈਲੇ ਬਾਹਰਹੁ ਨਿਰਮਲ ॥**

Jee-ah(u) mailay baaharah(u) niramal.

**ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥**

Baaharah(u) niramal jee-ah(u) ta mailay tinee janam(u) joo-ai haari-aa.

**ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**

Ayh tisanaa vaḍaa rog(u) lagaa maraṇ(u) manah(u) visaari-aa.

**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥**

Vaydaa mah(i) naam(u) utam(u) so suṇah(i) naahee phirah(i) ji-u baytaali-aa.

**ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥**

Kahai naanak(u) jin sach(u) taji-aa kooṛay laagay tinee janam(u) joo-ai haari-aa. ||19||

**ਜੀਅਹੁ ਨਿਰਮਲ ਬਾਹਰਹੁ ਨਿਰਮਲ ॥**

Jee-ah(u) niramal baaharah(u) niramal.

**ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥**

Baaharah(u) ta niramal jee-ah(u) niramal satigur tay karaṇee kamaaṇee.

**ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥**

Kooṛ kee so-i pahuchai naahee manasaa sach(i) samaaṇee.

**ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥**

Janam(u) ratan(u) jinee khaṭi-aa bhalay say vaṇajaaray.

**ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥ ੨੦॥**

Kahai naanak(u) jin ma(n)n(u) niramal(u) sadaa rahah(i) gur naalay. ||20||

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**

Jay ko sikh(u) guroo saytee sanamukh(u) hovai.

**ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥**

Hovai ta sanamukh(u) sikh(u) ko-ee
jee-ah(u) rahai gur naalay.

**ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥**

Gur kay charan hiradai dhi-aa-ay
a(n)tar aatamai samaalay.

**ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥**

Aap(u) chhaḍ(i) sadaa rahai paraṇai
gur bin(u) avar(u) na jaaṇai ko-ay.

**ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥**

Kahai naanak(u) suṇah(u) sa(n)tah(u) so
sikh(u) sanamukh(u) ho-ay. ||21||

**ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥**

Jay ko gur tay vaymukh(u) hovai bin(u)
satigur mukat(i) na paavai.

**ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥**

Paavai mukat(i) na hor t'hai ko-ee
puchhah(u) bibaykee-aa jaa-ay.

**ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥**

Anayk joonee bharam(i) aavai viṇ(u) satigur mukat(i) na paa-ay.

**ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥**

Phir(i) mukat(i) paa-ay laag(i) charaṇee satiguroo sabad(u) suṇaa-ay.

**ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥**

Kahai naanak(u) veechaar(i) daykhah(u) viṇ(u) satigur mukat(i) na paa-ay. ||22||

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥**

Aavah(u) sikh satiguroo kay pi-aariho gaavah(u) sachee baaṇee.

**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**

Baaṇee ta gaavah(u) guroo kayree baaṇee-aa sir(i) baaṇee.

**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥**

Jin ka-u nadar(i) karam(u) hovai hiradai tinaa samaaṇee.

**ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥**

Peevah(u) a(n)mrit(u) sadaa rahah(u) har(i) ra(n)g(i) japih(u) saarigapaaṇee.

**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥**

Kahai naanak(u) sadaa gaavah(u) ayh sachee baaṇee. ||23||

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥**

Satiguroo binaa hor kachee hai baaṇee.

**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**

Baaṇee ta kachee satiguroo baajhah(u) hor kachee baaṇee.

**ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥**

Kahaday kachay suṇaday kachay kachee aakh(i) vakhaaṇee.

**ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥**

Har(i) har(i) nit karah(i) rasanaa kahi-aa kachhoo na jaaṇee.

**ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥**

Chit(u) jin kaa hir(i) la-i-aa maa-i-aa bolan(i) pa-ay ravaaṇee.

**ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥**

Kahai naanak(u) satiguroo baajhah(u) hor kachee baaṇee. ||24||

**ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥**

Gur kaa sabad(u) rata(n)n(u) hai heeray jit(u) jaṛaa-u.

**ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥**

Sabad(u) ratan(u) jit(u) ma(n)n(u) laagaa ayh(u) ho-aa samaa-u.

**ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥**

Sabad saytee man(u) mili-aa sachai laa-i-aa bhaa-u.

**ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥**

Aapay heeraa ratan(u) aapay jis no day-i bujhaa-i.

**ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥**

Kahai naanak(u) sabad(u) ratan(u) hai heeraa jit(u) jaṛaa-u. ||25||

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥**

Siv sakat(i) aap(i) upaa-i kai karataa aapay hukam(u) varataa-ay.

**ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥**

Hukam(u) varataa-ay aap(i) vaykhai guramukh(i) kisai bujhaa-ay.

**ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥**

Toṛay ba(n)dhan hovai mukat(u) sabad(u) ma(n)n(i) vasaa-ay.

**ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥**

Guramukh(i) jis no aap(i) karay s(u) hovai aykas si-u liv laa-ay.

**ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥**

Kahai naanak(u) aap(i) karataa aapay hukam(u) bujhaa-ay. ||26||

**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥**

Simrit(i) saasatr pu(n)n paap beechaaraday tatai saar na jaaṇee.

**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥**

Tatai saar na jaaṇee guroo baajhah(u) tatai saar na jaaṇee.

**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥**

Tihee guṇee sa(n)saar(u) bhram(i) sutaa suti-aa raiṇ(i) vihaaṇee.

**ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥**

Gur kirapaa tay say jan jaagay jinaa har(i) man(i) vasi-aa bolah(i) a(n)mrit baaṇee.

**ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥**

Kahai naanak(u) so tat(u) paa-ay jis no anadin(u) har(i) liv laagai jaagat raiṇ(i) vihaaṇee. ||27||

**ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥**

Maataa kay udar mah(i) pratipaal karay so ki-u manah(u) visaaree-ai.

**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥**

Manah(u) ki-u visaaree-ai ayvaḍ(u) daataa j(i) agan(i) mah(i) aahaar(u) pahuchaava-ay.

**ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥**

Os no kih(u) poh(i) na sakee jis na-u aapaṇee liv laava-ay.

**ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥**

Aapaṇee liv aapay laa-ay guramukh(i) sadaa samaalee-ai.

**ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥**

Kahai naanak(u) ayvaḍ(u) daataa so ki-u manah(u) visaaree-ai. ||28||

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥**

Jaisee agan(i) udar mah(i) taisee baahar(i) maa-i-aa.

**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥**

Maa-i-aa agan(i) sabh iko jayhee karatai khayl(u) rachaa-i-aa.

**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥**

Jaa tis(u) bhaaṇaa taa ja(n)mi-aa paravaar(i) bhalaa bhaa-i-aa.

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥**

Liv chhuṛakee lagee trisanaa
maa-i-aa amar(u) varataa-i-aa.

**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ
ਭਾਉ ਦੂਜਾ ਲਾਇਆ ॥**

Ayh maa-i-aa jit(u) har(i) visarai moh(u)
upajai bhaa-u doojaa laa-i-aa.

**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ
ਵਿਚੇ ਮਾਇਆ ਪਾਇਆ ॥੨੯॥**

Kahai naanak(u) gur parasaadee jinaa
liv laagee tinee vichay maa-i-aa
paa-i-aa. ||29||

**ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥**

Har(i) aap(i) amulak(u) hai mul(i)
na paa-i-aa jaa-i.

**ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥**

Mul(i) na paa-i-aa jaa-i kisai viṭah(u)
rahay lok vilalaa-i.

**ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥**

Aisaa satigur(u) jay milai tis no sir(u) sa-upee-ai vichah(u) aap(u) jaa-i.

**ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥**

Jis daa jee-u tis(u) mil(i) rahai har(i) vasai man(i) aa-i.

**ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੩੦॥**

Har(i) aap(i) amulak(u) hai bhaag tinaa kay naanakaa jin har(i) palai paa-i. ||30||

**ਹਰਿ ਰਾਸਿ ਮੇਰੀ ਮਨੁ ਵਣਜਾਰਾ ॥**

Har(i) raas(i) mayree man(u) vaṇajaaraa.

**ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥**

Har(i) raas(i) mayree man(u) vaṇajaaraa satigur tay raas(i) jaaṇee.

**ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥**

Har(i) har(i) nit japih(u) jee-ah(u) laahaa khaṭih(u) dihaaṛee.

**ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥**

Ayh(u) dhan(u) tinaa mili-aa jin
har(i) aapay bhaaṇaa.

**ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥**

Kahai naanak(u) har(i) raas(i) mayree
man(u) ho-aa vaṇajaaraa. ||31||

**ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥**

Ay rasanaa too an ras(i) raach(i)
rahee tayree pi-aas na jaa-i.

**ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ
ਪਲੈ ਨ ਪਾਇ ॥**

Pi-aas na jaa-i horat(u) kitai jichar(u)
har(i) ras(u) palai na paa-i.

**ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ
ਤ੍ਰਿਸਨਾ ਲਾਗੈ ਆਇ ॥**

Har(i) ras(u) paa-i palai pee-ai har(i) ras(u)
bahuṛ(i) na trisanaa laagai aa-i.

**ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥**

Ayh(u) har(i) ras(u) karamee
paa-ee-ai satigur(u) milai jis(u) aa-i.

**ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥**

Kahai naanak(u) hor(i) an ras sabh(i)
veesaray jaa har(i) vasai man(i) aa-i. ||32||

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥**

Ay sareeraa mayri-aa har(i) tum mah(i)
jot(i) rakhee taa too jag mah(i) aa-i-aa.

**ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥**

Har(i) jot(i) rakhee tudh(u) vich(i) taa too
jag mah(i) aa-i-aa.

**ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥**

Har(i) aapay maataa aapay pitaa jin(i) jee-u
upaa-i jagat(u) dikhaa-i-aa.

**ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥**

Gur parasaadee bujhi-aa taa chalat(u)
ho-aa chalat(u) nadaree aa-i-aa.

ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥

Kahai naanak(u) srisaṭ(i) kaa mool(u) rachi-aa jot(i) raakhee taa too jag mah(i) aa-i-aa. ||33||

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥

Man(i) chaa-u bha-i-aa prabh aagam(u) suṇi-aa.

ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥

Har(i) ma(n)gal(u) gaa-u sakhee grih(u) ma(n)dar(u) baṇi-aa.

ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥

Har(i) gaa-u ma(n)gal(u) nit sakhee-ay sog(u) dookh(u) na vi-aapa-ay.

ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥

Gur charan laagay din sabhaagay aapaṇaa pir(u) jaapa-ay.

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥

Anahat baaṇee gur sabad(i) jaaṇee har(i) naam(u) har(i) ras(u) bhogo.

**ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥**

Kahai naanak(u) prabh(u) aap(i) mili-aa karaṇ kaaraṇ jogo. ||34||

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥**

Ay sareeraa mayri-aa is(u) jag mah(i) aa-i kai ki-aa tudh(u) karam kamaa-i-aa.

**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥**

K(i) karam kamaa-i-aa tudh(u) sareeraa jaa too jag mah(i) aa-i-aa.

**ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥**

Jin(i) har(i) tayraa rachan(u) rachi-aa so har(i) man(i) na vasaa-i-aa.

**ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥**

Gur parasaadee har(i) ma(n)n(i) vasi-aa poorab(i) likhi-aa paa-i-aa.

**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥**

Kahai naanak(u) ayh(u) sareer(u) paravaaṇ(u) ho-aa jin(i) satigur si-u chit(u) laa-i-aa. ||35||

**ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥**

Ay naytrah(u) mayriho har(i) tum mah(i) jot(i) dharee har(i) bin(u) avar(u) na daykhah(u) ko-ee.

**ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥**

Har(i) bin(u) avar(u) na daykhah(u) ko-ee nadaree har(i) nihaali-aa.

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥**

Ayh(u) vis(u) sa(n)saar(u) tum daykhaday ayh(u) har(i) kaa roop(u) hai har(i) roop(u) nadaree aa-i-aa.

**ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥**

Gur parasaadee bujhi-aa jaa vaykhaa har(i) ik(u) hai har(i) bin(u) avar(u) na ko-ee.

**ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥**

Kahai naanak(u) ayh(i) naytr a(n)dh say satigur(i) mili-ai dib drisaṭ(i) ho-ee. ||36||

**ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥**

Ay sravaṇah(u) mayriho saachai sunaṇai no paṭ'haa-ay.

**ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥**

Saachai sunaṇai no paṭ'haa-ay sareer(i) laa-ay suṇah(u) sat(i) baaṇee.

**ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥**

Jit(u) suṇee man(u) tan(u) hari-aa ho-aa rasanaa ras(i) samaaṇee.

**ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥**

Sach(u) alakh viḍaaṇee taa kee gat(i) kahee na jaa-ay.

**ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥**

Kahai naanak(u) a(n)mrit naam(u) suṇah(u) pavitr hovah(u) saachai sunaṇai no paṭ'haa-ay. ||37||

**ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥**

Har(i) jee-u guphaa a(n)dar(i) rakh(i) kai vaajaa pavaṇ(u) vajaa-i-aa.

**ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥**

Vajaa-i-aa vaajaa pa-uṇ na-u du-aaray paragaṭ(u) kee-ay dasavaa gupat(u) rakhaa-i-aa.

**ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥**

Guradu-aarai laa-i bhaavanee ikanaa dasavaa du-aar(u) dikhaa-i-aa.

**ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥**

Tah anayk roop naa-u nav nidh(i) tis daa a(n)t(u) na jaa-ee paa-i-aa.

**ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥**

Kahai naanak(u) har(i) pi-aarai jee-u guphaa a(n)dar(i) rakh(i) kai vaajaa pavaṇ(u) vajaa-i-aa. ||38||

**ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥**

Ayh(u) saachaa sohilaa saachai ghar(i) gaavah(u).

**ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥**

Gaavah(u) ta sohilaa ghar(i) saachai jit'hai sadaa sach(u) dhi-aavahay.

**ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥**

Sacho dhi-aavah(i) jaa tudh(u) bhaavah(i) guramukh(i) jinaa bujhaavahay.

**ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥**

Ih(u) sach(u) sabhanaa kaa khasam(u) hai jis(u) bakhasay so jan(u) paavahay.

**ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥**

Kahai naanak(u) sach(u) sohilaa sachai ghar(i) gaavahay. ||39||

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥**

Anad(u) suṇah(u) vaḍabhaageeho sagal manorat'h pooray.

**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**
Paarabraham(u) prabh(u) paa-i-aa
utaray sagal visooray.
**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**
Dookh rog sa(n)taap utaray suṇee
sachee baaṇee.
**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**
Sa(n)t saajan bha-ay sarasay pooray
gur tay jaaṇee.
**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥**
Suṇatay puneet kahatay pavit(u)
satigur(u) rahi-aa bharapooray.
**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ**
**ਅਨਹਦ ਤੂਰੇ ॥੪੦॥੧॥**
Binava(n)t(i) naanak(u) gur charaṇ
laagay vaajay anahad tooray. ||40||1||

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਹਿ ॥**
**Waheguru Ji Ka Khalsa**
**Waheguru Ji Ki Fateh.**